ਮੁਖਵਾਕ ਨੰਬਰ ੨੮ [ਆਦਿ ਅੰਗ ੫੬੧]

***ਵਡਹੰਸੁ ਮਹਲਾ ੪ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥ ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥ ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥ ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥ ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥ ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥ ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥ ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥ ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥ ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥ ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥ ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥ ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥ ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥ ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥ ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥ ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥ ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥ ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥ ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥ ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥***

ਇਹ ਸ਼ਬਦ ਚੌਥੇ ਪਾਤਸ਼ਾਹ ਸਤਿਗੁਰੂ ਰਾਮਦਾਸ ਜੀ ਨੇ ਵਡਹੰਸੁ ਰਾਗ ਦੇ ਦੂਜੇ ਘਰੁ ਵਿਚ ਉਚਾਰਨ ਕੀਤਾ ਹੈ ਪਹਿਲਾਂ ਸਤਿਗੁਰੂ ਜੀ ਵਸਤੂ ਨਿਰਦੇਸ਼ਕ ਮੰਗਲ ਉਚਾਰਦੇ ਹਨ।

**੧ਓ ਸਤਿਗੁਰ ਪ੍ਰਸਾਦਿ ॥ ੧**=ਅਦੁੱਤੀ **ਓ**=ਸਰਬ ਦਾ ਪ੍ਰਕਾਸ਼ਕ **ਸਤਿ**=ਨਾਸ ਤੋਂ ਰਹਿਤ **ਗੁਰ**=ਚੇਤਨ **ਪ੍ਰਸਾਦਿ**=ਅਨੰਦ ਸਰੂਪ।

## *ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥*

ਸਤਿਗੁਰੂ ਜੀ ਇਸ ਅੰਮ੍ਰਿਤ ਬਚਨ ਵਿਚ ਜਗਿਆਸੂ ਮੁਖ ਦੁਆਰਾ ਵਾਹਿਗੁਰੂ ਦੇ ਦਰਸ਼ਨਾਂ ਦੀ ਤਾਂਘ ਦਾ ਕਥਨ ਕਰਦੇ ਹਨ। ਜਗਿਆਸੂ ਕਹਿ ਰਿਹਾ ਹੈ ਕਿ ਮੇਰੇ ਮਨ ਵਿਚ ਹਰਿ=ਵਾਹਿਗੁਰੂ ਨੂੰ ਮਿਲਣ ਦੀ ਵਡੀ ਆਸ=ਬਹੁਤੀ ਇਛਾ ਹੋ ਰਹੀ ਹੈ। ਮਨ ਵਿਚ ਇਹ ਸੁਆਲ ਉੱਠਦਾ ਹੈ ਕਿ ਹਰਿ=ਵਾਹਿਗੁਰੂ ਦੇ ਦਰਸ਼ਨਾ ਨੂੰ ਕਿਸ ਤਰ੍ਹਾਂ ਪ੍ਰਾਪਤ ਕਰਾਂ ਭਾਵ ਦਰਸ਼ਨ ਕਿਵੇਂ ਹੋਣ ?

## *ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥*

ਆਪਣੇ ਅੰਦਰੋਂ ਹੀ ਉੱਤਰ ਫੁਰਿਆ ਕਿ ਮੈਂ ਆਪਣੇ ਸਤਿਗੁਰਾਂ ਪਾਸੋਂ ਜਾ ਕੇ ਹੀ ਪੁੱਛਦੀ ਹਾਂ ਕਿਉਂਕਿ

PDF created with pdfFactory Pro trial version www.pdffactory.com

ਵਾਹਿਗੁਰੂ ਦੇ ਦਰਸ਼ਨਾਂ ਬਾਰੇ ਸਤਿਗੁਰੂ ਤੋਂ ਵੱਧ ਕੋਈ ਵੀ ਨਹੀਂ ਦੱਸ ਸਕਦਾ। ਸਤਿਗੁਰਾਂ ਪਾਸੋਂ ਉਪਦੇਸ਼ ਲੈ ਕੇ ਮੈਂ ਆਪਣੇ ਮੂਰਖ ਮਨ ਨੂੰ ਸਮਝਾਵਾਂ।

**ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥**

ਜਿਸ ਕਰਕੇ ਮੇਰਾ ਭੁਲਿਆ ਹੋਇਆ ਮਨ ਗੁਰੂ ਦੀ ਦਿੱਤੀ ਸਿੱਖਿਆ ਅਨੁਸਾਰ ਸਮਝ ਜਾਵੇ ਫਿਰ ਮੈਂ ਹਰਿ-ਹਰਿ ਨਾਮ ਨੂੰ ਸਦਾ ਧਿਆਉਣਾ ਕਰਾਂ।

**ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ**
**ਸੋ ਹਰਿ ਚਰਣੀ ਚਿਤੁ ਲਾਏ ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਭ ਕੁਝ ਵਾਹਿਗੁਰੂ ਦੇ ਆਪਣੇ ਹੀ ਹੱਥ ਵਿਚ ਹੈ ਜਿਸ ਉਤੇ ਮੇਰਾ ਪਿਆਰਾ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਸੋ=ਉਹੀ ਪੁਰਸ਼ ਹਰੀ ਵਾਹਿਗੁਰੂ ਦੇ ਚਰਣਾਂ ਵਿਚ ਚਿੱਤ ਬਿਰਤੀ ਨੂੰ ਲਾਉਂਦਾ ਹੈ।

**ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥**

ਮੈਂ ਪਤੀ ਪ੍ਰਮੇਸ਼ਰ ਦੀ ਪ੍ਰਸੰਨਤਾ ਲਈ ਸਭ ਤਰ੍ਹਾਂ ਦੇ ਵੇਸ=ਲਿਬਾਸ ਵਾ ਭੇਖ ਧਾਰਨ ਕਰਦੀ ਹਾਂ ਜੇਕਰ ਸਚੇ ਹਰਿ ਪ੍ਰਭ=ਹੀਰ ਪ੍ਰਭੂ ਨੂੰ ਭਾ ਜਾਵਾਂ।

**ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥**

ਪਰ ਉਹ ਪਿਆਰਾ ਪਤੀ ਪ੍ਰਮੇਸ਼ਰ ਨਦਰਿ=ਦ੍ਰਿਸ਼ਟੀ ਭਰ ਕੇ ਵੀ ਨਹੀਂ ਦੇਖਦਾ ਇਸ ਲਈ ਮੈਂ ਕਿਵੇਂ ਧੀਰਜ ਨੂੰ ਪ੍ਰਾਪਤ ਕਰਾਂ ?

**ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥**

ਜਿਸ ਵਾਹਿਗੁਰੂ ਨੂੰ ਪ੍ਰਸੰਨ ਕਰਨ ਵਾਸਤੇ ਮੈਂ ਜਪ ਤਪ ਰੂਪੀ ਸ਼ਿੰਗਾਰ ਨੂੰ ਸ਼ਿੰਗਾਰਦੀ ਰਹੀ ਉਹ ਮੇਰਾ ਪਿਆਰਾ ਪਤੀ ਪਰਮਾਤਮਾ ਹੋਰਨਾਂ ਸੰਤਾਂ ਭਗਤਾਂ ਵਿਚ ਰਤਾ=ਪ੍ਰੀਤਵਾਨ ਹੋਇਆ ਹੈ।

**ਨਾਨਕ ਧਨੁ ਧੰਨੁ ਧੰਨੁ ਸੋਹਾਗਣਿ**
**ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਸੋਹਾਗਣੀਆਂ ਦੀ ਮਾਤਾ ਵੀ ਧੰਨ ਹੈ, ਉਹਨਾਂ ਦਾ ਪਿਤਾ ਵੀ ਧੰਨ ਹੈ ਉਹ ਆਪ ਵੀ ਧੰਨ ਹਨ ਜਿਹਨਾਂ ਸੁਹਾਗਣਾਂ ਨੇ ਸੱਚੇ ਪਿਰੁ=ਪਤੀ ਪ੍ਰਮਾਤਮਾ ਨੂੰ ਸਵਰਾ=ਸਵਾਰ-ਸਵਾਰ, ਵਾ ਸਵੇਰੇ ਉੱਠਕੇ ਵਾ ਸਸਤਾ ਜਾਣਕੇ ਰਾਵਿਅੜਾ=ਉਚਾਰਿਆ, ਅਥਵਾ-ਮਾਨਿਆ=ਭੋਗਿਆ ਹੈ ਅਥਵਾ ਜਿਨ੍ਹਾਂ ਨੇ ਸਵਰਾ=ਸਾਂਵਲੇ ਰੰਗ ਵਾਲੇ ਭਗਵਾਨ ਕ੍ਰਿਸ਼ਨ ਤੇ ਰਾਮ ਰੂਪ ਵਿਚ ਆਉਣ ਵਾਲੇ ਪ੍ਰਮਾਤਮਾ ਦੇ ਅਨੰਦ ਨੂੰ ਮਾਨਿਆ ਭੋਗਿਆ ਹੈ।

**ਹਉ ਜਾਇ ਪੁਛਾ ਸੋਹਾਗ ਸੁਹਾਗਣਿ**
**ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥**

ਜਿਸ ਵੇਲੇ ਮੈਂ ਉਹਨਾਂ ਸੋਹਾਗਣਿ=ਸੋਹਾਗਵੰਤੀਆਂ ਪ੍ਰਭੂ ਪ੍ਰਾਪਤੀ ਵਾਲੀਆਂ ਸੰਤ ਰੂਪ ਸਖੀਆਂ ਨੂੰ ਪੁੱਛਿਆ

PDF created with pdfFactory Pro trial version www.pdffactory.com

ਕਿ ਤੁਸੀਂ ਮੇਰੇ ਪਤੀ ਪ੍ਰਭੂ ਪ੍ਰਮਾਤਮਾ ਦੇ ਸੋਹਾਗ=ਅਨੰਦ ਨੂੰ ਕਿਵੇਂ ਪ੍ਰਾਪਤ ਕੀਤਾ ਹੈ ਤਾਂ ਉਹਨਾਂ ਨੇ ਉੱਤਰ ਦਿੱਤਾ।

## ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥

ਜਿਸ ਵੇਲੇ ਮੈਂ ਆਪਣੇ ਮਨ ਵਿਚੋਂ ਹੰਗਤਾ ਮਮਤਾ ਦਾ ਭਾਵ ਤਿਆਗ ਦਿੱਤਾ, ਮੇਰ-ਤੇਰ ਛੱਡ ਦਿੱਤੀ ਤਾਂ ਫਿਰ ਮੇਰੇ ਉਤੇ ਉਸ ਸੱਚੇ ਪਤੀ ਪ੍ਰਮਾਤਮਾ ਨੇ ਨਦਰਿ=ਕ੍ਰਿਪਾ ਦ੍ਰਿਸ਼ਟੀ ਕੀਤੀ।

## ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ
## ਇਤੁ ਮਾਰਗਿ ਭੈਣੇ ਮਿਲੀਐ ॥

ਜੇਕਰ ਤੈਨੂੰ ਉਸ ਪਤੀ ਪ੍ਰਮਾਤਮਾ ਦੇ ਮਿਲਣ ਦੀ ਇੱਛਾ ਹੈ ਤਾਂ ਤੂੰ ਭੀ ਮੇਰ-ਤੇਰ ਤਿਆਗ ਕੇ ਸਭ ਕੁਝ ਤਨ, ਮਨ ਤੇ ਜੀਉ=ਜੀਵ ਆਤਮਾ, ਪ੍ਰਭੂ ਵਾਹਿਗੁਰੂ ਦਾ ਕਰ ਦੇ, ਭਾਵ ਉਸਨੂੰ ਸਾਰਾ ਕੁਝ ਸਮਰਪਿਤ ਕਰ ਦੇ। ਹੇ ਜਗਿਆਸੂ ਰੂਪ ਭੈਣੇ ਇਸ ਰਸਤੇ ਚੱਲਿਆਂ ਹੀ ਪਤੀ ਪ੍ਰਮਾਤਮਾ ਮਿਲਦਾ ਹੈ।

## ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਜਦ ਆਪਣਾ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ ਦੇਖੈ=ਵੇਖਦਾ ਹੈ ਤਾਂ ਜੋਤੀ ਨਾਲ ਇਸਦੀ ਜੋਤ ਰਲ ਜਾਂਦੀ ਹੈ ਅਥਵਾ ਤਨ ਮਨ ਅਰਪਣ ਕਰਨ ਤੋਂ ਤੇਰੀ ਭੀ ਜੋਤੀ ਜੋਤ ਪ੍ਰਮਾਤਮਾ ਵਿਚ ਰਲ ਜਾਏਗੀ ਜਿੰਨਾ ਚਿਰ ਤਿੰਨਾਂ ਦੇਹਾਂ ਦਾ ਅਭਿਮਾਨ ਨਹੀਂ ਮਿਟਦਾ ਉਤਨਾ ਚਿਰ ਕ੍ਰਿਪਾ ਦ੍ਰਿਸ਼ਟੀ ਨਹੀਂ ਹੁੰਦੀ ਜਿਤਨਾ ਚਿਰ ਕ੍ਰਿਪਾ ਦ੍ਰਿਸ਼ਟੀ ਨਹ ਹੁੰਦੀ ਉਤਨਾ ਚਿਰ ਜੋਤੀ ਵਿੱਚ ਜੋਤ ਨਹੀਂ ਰਲਦੀ।

## ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥

ਜੋ ਮੈਨੂੰ ਹਰਿ=ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸਨੇਹਾ=ਖਬਰ-ਪਤਾ ਵਾ ਕਥਾ ਰਾਹੀਂ ਉਸ ਦੇ ਗੁਣ ਦੇਵੇਗਾ ਮੈਂ ਉਸਨੂੰ ਆਪਣਾ ਤਨ-ਮਨ ਅਰਪਣ ਕਰ ਦੇਵਾਂਗੀ।

ਯਥਾ— **੧. ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ॥**
[ਮਾਲੀ ਗਉੜਾ ਮਃ ੪, ਅੰਗ ੯੮੬]

**੨. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥** [ਵਡਹੰਸ ਮਃ ੧, ਅੰਗ ੫੫੮]

**੩. ਆਉ ਸਖੀ ਹਰਿ ਮੇਲੁ ਕਰੇਹਾ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥**
[ਮਾਝ ਮਃ ੪, ਅੰਗ ੯੫]

## ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥

ਨਿਤ=ਨਿਤਾਪ੍ਰਤੀ ਭਾਵ ਹਮੇਸ਼ਾ, ਗਰਮੀ ਦੀ ਰੁਤ ਵਿਚ ਪੱਖਾ ਫੇਰੀ=ਝੱਲਾਂਗਾ, ਸੇਵਾ ਕਰਾਂਗਾ ਅਤੇ ਉਸ ਦੇ ਅੱਗੇ ਪਾਣੀ ਢੋਵਾਂਗਾ।

## ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥

ਉਸ ਹਰਿ=ਵਾਹਿਗੁਰੂ ਦੇ ਜਨ=ਸੇਵਕਾਂ ਦੀ ਨਿਤ=ਨਿਤਾਪ੍ਰਤੀ ਹਮੇਸ਼ਾ ਸੇਵਾ ਕਰਾਂ ਜੋ ਹਰ ਤਰ੍ਹਾਂ ਨਾਲ ਹਰਿ-ਹਰੀ ਦੀ ਕਥਾ ਨੂੰ ਸੁਣਾਵੇਗਾ।

PDF created with pdfFactory Pro trial version www.pdffactory.com

**ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥**

ਗੁਰ=ਪੂਜਨੀਕ ਪੂਰੇ ਸਤਿਗੁਰੂ ਧੰਨ ਧੰਨ ਹਨ ਜੋ ਗੁ=ਅੰਧੇਰੇ ਵਿਚ ਰੁ=ਪ੍ਰਕਾਸ਼ ਕਰਨ ਵਾਲੇ ਹਨ ਜੋ ਮਨ ਦੀਆਂ ਆਸਾਂ ਪੂਰੀਆਂ ਕਰਨ ਵਾਲੇ ਹਨ, ਅਥਵਾ-ਧੰਨ ਹਨ ਗੁਰੂ ਨਾਨਕ ਦੇਵ ਜੀ, ਧੰਨ ਹਨ ਗੁਰੂ ਅੰਗਦ ਦੇਵ ਜੀ, ਅਤੇ ਧੰਨ ਹਨ ਪੂਰੇ ਸਤਿਗੁਰੂ ਅਮਰਦਾਸ ਜੀ, ਜਿਨ੍ਹਾਂ ਨੇ ਸਾਡੀ ਵਾਹਿਗੁਰੂ ਪ੍ਰਾਪਤੀ ਦੀ ਆਸਾ ਪੂਰੀ ਕਰ ਦਿੱਤੀ ਹੈ।

**ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥**

ਗੁਰੂ ਜੀ ਸਾਡੇ ਸਜਣ ਹਨ, ਹਰੀ ਦੇ ਨਾਲ ਸਾਡਾ ਮੇਲ ਮਿਲਾ ਦਿੱਤਾ ਜਿਸ ਗੁਰੂ ਦੇ ਨਾਲ ਮਿਲ ਕੇ ਹਰੀ ਦੇ ਨਾਮ ਨੂੰ ਧਿਆਵਾ=ਧਿਆਉਣਾ ਕੀਤਾ।

**ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ<br>ਕਰਿ ਸਾਂਝੀ ਹਰਿ ਗੁਣ ਗਾਵਾਂ ॥**

ਗੁਰ=ਪੂਜਨੀਕ ਸਤਿਗੁਰਾਂ ਕੋਲੋਂ, ਹਰਿ=ਵਾਹਿਗੁਰੂ! ਆਪ ਜੀ ਦੀ ਗੋਸਟਿ=ਕਥਾ ਪੁਛਾਂ ਫਿਰ ਗੁਰਾਂ ਨਾਲ ਸਾਂਝੀ=ਭਾਈਵਾਲੀ ਕਰਕੇ ਭਾਵ ਸ਼ਰਧਾ ਦੇ ਕੇ ਉਪਦੇਸ਼ ਲੈ ਕੇ ਹੇ ਹਰੀ! ਆਪ ਜੀ ਦੇ ਗੁਣ ਗਾਉਣਾ ਕਰਾਂ।

**ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥**

ਹੇ ਹਰਿ=ਵਾਹਿਗੁਰੂ ਆਪ ਜੀ ਦੇ ਸਦ=ਸ੍ਰੇਸ਼ਟ ਗੁਣ ਨਿਤ-ਨਿਤ=ਨਿਤਾਪ੍ਰਤੀ ਭਾਵ ਹਮੇਸ਼ਾ ਹਮੇਸ਼ਾ ਗਾਵਣਾ ਕਰਾਂ ਆਪ ਜੀ ਦਾ ਨਾਮ ਸੁਣ ਕੇ ਹੀ ਮੇਰਾ ਮਨ ਜਿਊਂਦਾ ਹੈ।

**ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ<br>ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਸੁਆਮੀ! ਜਿਸ ਵੇਲੇ ਤੂੰ ਮੈਨੂੰ ਵਿਸਰੈ=ਭੁਲ ਜਾਂਦਾ ਹੈਂ ਉਸੀ ਵੇਲੈ=ਸਮੇਂ ਮੇਰਾ=ਜੀਵ ਆਤਮਾ ਮਰ ਜਾਂਦਾ ਹੈ।

**ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥**

ਹਰਿ=ਵਾਹਿਗੁਰੂ ਦੇ ਦਰਸ਼ਨ ਨੂੰ ਸਭ ਕੋਈ ਲੋਚੈ=ਚਾਹੁੰਦਾ ਹੈ ਪਰ ਜਿਸ ਨੂੰ ਆਪ ਦਿਖਾਲਦਾ ਹੈ ਸੋਈ ਦਰਸ਼ਨ ਨੂੰ ਵੇਖਦਾ ਹੈ।

**ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥**

ਜਿਸ ਉੱਤੇ ਮੇਰਾ ਪਿਆਰਾ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਸੋ=ਉਹ ਸਦਾ ਹੀ ਹਰਿ ਹਰਿ ਨਾਮ ਨੂੰ ਸੰਭਾਲਦਾ ਭਾਵ ਜਪਦਾ ਹੈ।

**ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ<br>ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥**

ਜਿਸ ਨੂੰ ਮੇਰੇ ਪੂਰੇ ਸਤਿਗੁਰੂ ਮਿਲੇ ਹਨ ਉਹ ਗੁਰਮੁਖ ਸਦਾ ਸਦਾ ਹਰਿ ਹਰਿ ਦੇ ਨਾਮ ਨੂੰ ਸੰਭਾਲਦਾ ਭਾਵ ਜਪਦਾ ਹੈ।

PDF created with pdfFactory Pro trial version www.pdffactory.com

## ਨਾਨਕ ਹਰਿ ਜਨ ਹਰਿ ਇਕੇ ਹੋਏ
## ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹਰੀ ਵਾਹਿਗੁਰੂ ਦਾ ਸੇਵਕ ਜਨ ਅਤੇ ਹਰੀ ਦੋਵੇਂ ਇਕ ਸਰੂਪ ਹੋ ਗਏ ਹਨ ਕਿਉਂਕਿ ਜਿਸ ਨੇ ਹਰਿ=ਵਾਹਿਗੁਰੂ ਨੂੰ ਜਪਿਆ ਹੈ ਉਹ ਹਰਿ=ਵਾਹਿਗੁਰੂ ਨਾਲ ਇਕ-ਮਿਕ ਹੋ ਕੇ ਰਲ ਗਿਆ ਹੈ।

ਯਥਾ— **੧. ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥** [ਦਸਮ ਅੰਗ ੫੯]

**੨. ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸੁ ਦੇਹਾ ॥** [ਮਾਰੂ ਸੋਲਹੇ ਮਃ ੫, ਅੰਗ ੧੦੭੬]

**੩. ਰਾਮ ਸੰਤ ਮਹਿ ਭੇਦੁ ਕਿਛੁ ਨਾਹੀ... ॥** [ਗਉੜੀ ਮਃ ੫, ਅੰਗ ੨੦੮]

**੪. ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥** [ਰਾਮਕਲੀ ਕਬੀਰ ਜੀ, ਅੰਗ ੯੬੯]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੨੯ [ਆਦਿ ਅੰਗ ੫੬੩]

***ਵਡਹੰਸੁ ਮਃ ੫ ॥ ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥੧॥ ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥ ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥ ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥***

ਇਸ ਅੰਮ੍ਰਿਤ ਬਚਨ ਵਿਚ ਸਤਿਗੁਰੂ ਜੀ ਉਸ ਵਾਹਿਗੁਰੂ ਪ੍ਰਮੇਸ਼ਰ ਦੀ ਬੇਅੰਤਤਾ ਅਤੇ ਉਸ ਦੇ ਹੁਕਮ ਨੂੰ ਪ੍ਰਗਟ ਕਰਦੇ ਹਨ—

## *ਤੂ ਜਾਣਾਇਹਿ ਤਾ ਕੋਈ ਜਾਣੈ ॥*

ਵਾਹਿਗੁਰੂ ਪ੍ਰਮੇਸ਼ਰ ਦੀ ਜਾਣਕਾਰੀ ਲਈ ਹਰ ਇਕ ਜੀਵ ਉਤਾਵਲਾ ਹੈ ਅਤੇ ਆਪਣੀ ਬੁਧੀ ਦੇ ਮੁਤਾਬਕ, ਪ੍ਰਾਪਤ ਤਰੀਕਿਆਂ ਅਨੁਸਾਰ ਹਰ ਜੀਵ ਕੋਸ਼ਿਸ਼ ਕਰਦਾ ਹੈ ਪਰ ਆਪਣੇ ਆਪ ਕੋਈ ਲੱਖਾਂ ਉਪਾਵ ਯਤਨ ਕਰੇ ਉਸ ਨੂੰ ਕੋਈ ਜਾਣ ਨਹੀਂ ਸਕਦਾ। ਜੋ ਵੀ ਕਿਸੇ ਨੇ ਜਾਨਿਆ ਹੈ ਤਾਂ ਵਾਹਿਗੁਰੂ ਦੀ ਦਿੱਤੀ ਹੋਈ ਜਾਣਕਾਰੀ ਅਨੁਸਾਰ ਹੀ ਜਾਣਿਆ ਹੈ। ਜਿਤਨਾ ਕੁ ਆਪਣੇ ਆਪ ਨੂੰ ਜਣਾਉਣਾ ਚਾਹੇ ਉਤਨਾ ਕੁ ਜਾਣ ਦਿੰਦਾ ਹੈ ਉਸ ਦੇ ਜਣਾਉਣ ਤੋਂ ਬਿਨਾਂ ਕੋਈ ਉਸ ਨੂੰ ਜਾਣ ਨਹੀਂ ਸਕਦਾ। ਸੰਸਾਰ ਦੇ ਵੱਡੇ ਤੋਂ ਵੱਡੇ ਕਹਾਉਣ ਵਾਲੇ ਵੀ ਉਸ ਦਾ ਅੰਤ ਨਹੀਂ ਪਾ ਸਕੇ।

ਯਥਾ— **ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥**
**ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥** [ਵਾਰ ਮਲਾਰ ਮਃ ੧, ਅੰਗ ੧੨੭੯]

**ਸਾਖੀ**—ਬ੍ਰਹਮਾਂ ਵਰਗੇ ਵੱਡੇ ਅਖਵਾਉਣ ਵਾਲਿਆਂ ਨੂੰ ਭੀ ਉਤਨੀ ਹੀ ਸੋਝੀ ਹੈ ਜਿਤਨੀ ਪ੍ਰਮਾਤਮਾ ਨੇ ਬਖਸ਼ੀ ਹੋਈ ਹੈ ਜੇ ਕਿਤੇ ਹੰਕਾਰ ਦੇ ਕਾਰਨ ਆਪਾ ਜਣਾਉਣ ਦੀ ਕੋਸ਼ਿਸ਼ ਕੀਤੀ ਤਾਂ ੩੬ ਜੁਗ ਨਾਲੀ ਵਿਚ ਹੀ ਘੁੰਮਣਾ ਪਿਆ।

ਵਿਸ਼ਨੂੰ ਜੀ ਦੀ ਨਾਭੀ ਚੋਂ ਕਮਲ ਪੈਦਾ ਹੋਇਆ ਉਸ ਤੋਂ ਬ੍ਰਹਮਾ ਜੀ ਪੈਦਾ ਹੋਏ। ਜਦੋਂ ਵੇਖਿਆ ਕਿ ਚਾਰ ਚੁਫੇਰੇ ਪਾਣੀ ਹੀ ਪਾਣੀ ਹੈ ਤਾਂ ਬ੍ਰਹਮਾ ਨੂੰ ਬੜਾ ਮਾਣ ਹੋਇਆ ਕਿ ਮੈਂ ਹੀ ਸ੍ਵੈਂਭੂ ਹਾਂ। ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹਾਂ ਮੈਨੂੰ ਕੋਈ ਪੈਦਾ ਕਰਨ ਵਾਲਾ ਨਹੀਂ।

ਯਥਾ— **ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥**
**ਪ੍ਰਭ ਕੋ ਪ੍ਰਭੂ ਨ ਕਿਨਹੂੰ ਮਾਨਾ ॥੮॥** [ਬਚਿਤ੍ਰ ਨਾਟਕ]

ਹੰਕਾਰ ਕਰਦਾ ਵੇਖ ਕੇ ਅਕਾਸ਼ ਬਾਣੀ ਹੋਈ। ਬ੍ਰਹਮਾ ਤੂੰ ਇਸ ਕਵਲ ਵਿਚੋਂ ਪੈਦਾ ਹੋਇਆ ਹੈਂ ਤਾਂ ਇਹ ਕਹਿਣ ਲੱਗਾ ਕਿ ਛੋਟਾ ਜਿਹਾ ਕਵਲ ਮੈਨੂੰ ਕਿਵੇਂ ਪੈਦਾ ਕਰ ਸਕਦਾ ਹੈ। ਪਰਖਣ ਲਈ ਇਸ ਨੇ ਦੋ ਵਾਰੀ ਲੱਤ ਮਾਰੀ ਤਾਂ ਦੋਵੇਂ ਵਾਰੀ ਹੀ ਕਵਲ ਦੀ ਨਾਲੀ ਮੁੜ ਗਈ ਜਿਵੇਂ ਵੱਡੇ ਆਦਮੀ ਛੋਟੇ ਦੀ ਕੀਤੀ ਬੇਅਦਬੀ ਸਹਾਰ ਜਾਂਦੇ ਹਨ ਪਰ ਜਦੋਂ ਤੀਜੀ ਲੱਤ ਮਾਰੀ ਤਾਂ ਨਾਲੀ ਦੇ ਵਿਚ ਹੀ ਡਿੱਗ ਪਿਆ ਅਠਾਰਾਂ ਜੁਗ ਥੱਲੇ ਨੂੰ ਹੀ ਘੁੰਮਦਾ ਗਿਆ ਬੜਾ ਦੁਖੀ ਹੋਇਆ। ਪ੍ਰਮੇਸ਼ਰ ਅੱਗੇ ਅਰਦਾਸਾਂ ਬੇਨਤੀਆਂ ਕਰਨ ਲੱਗਾ ਕਿ ਪ੍ਰਮੇਸ਼ਰ ਮੈਨੂੰ ਇਕ ਵਾਰ ਬਾਹਰ ਕੱਢ ਮੈਂ ਤਾਂ ਕਵਲ ਦਾ ਹੇਠਲਾ ਸਿਰਾ ਹੀ ਨਹੀਂ ਪਾ ਸਕਿਆ। ਤਾਂ ਪ੍ਰਮੇਸ਼ਰ ਨੇ ਬੇਨਤੀ ਸੁਣ ਕੇ ਇਸਨੂੰ ਅਠਾਰਾਂ ਜੁਗਾਂ ਵਿਚ ਬਾਹਰ ਕੱਢਿਆ।

PDF created with pdfFactory Pro trial version www.pdffactory.com

ਯਥਾ— **੧. ਨਭਿ ਕਮਲ ਤੇ ਬ੍ਰਹਮਾ ਉਪਜੇ ॥** [ਗੂਜਰੀ ਮਃ ੧, ਅੰਗ ੪੮੯]

**੨. ਛੱਤੀਹ ਜੁਗ ਵਰਤੈ ਗੁਬਾਰੈ ॥ ਤਾੜੀ ਲਾਈ ਸਿਰਜਨਹਾਰੈ ॥** [ਭਾ. ਗੁਰਦਾਸ ਜੀ]

ਫਿਰ ਇਸ ਨੇ ਬਾਹਰ ਆ ਕੇ ਪ੍ਰਮੇਸ਼ਰ ਅੱਗੇ ਬੇਨਤੀਆਂ ਕੀਤੀਆਂ ਕਿ ਮੈਨੂੰ ਸ੍ਰਿਸ਼ਟੀ ਰਚਨ ਦੀ ਆਗਿਆ ਦਿਉ। ਤਾਂ ਅਕਾਸ਼ ਬਾਣੀ ਹੋਈ ਬ੍ਰਹਮਾ, ਤਪ ਕਰ, ਤਪ ਕਰ, ਤਪ ਕਰ। ਤਾਂ ਦਸ ਲੱਖ ਵਰ੍ਹਾ ਬ੍ਰਹਮਾ ਨੇ ਤਪ ਕੀਤਾ ਤਾਂ ਸ੍ਰਿਸ਼ਟੀ ਰਚਨ ਦੀ ਸ਼ਕਤੀ ਪੈਦਾ ਹੋਈ। ਫਿਰ ਸੰਕਲਪ ਨਾਲ ਤੇਤੀ [੩੩] ਕਰੋੜ ਦੇਵਤੇ ਰਚੇ ਤੇ ਚਾਰ ਖਾਣੀਆਂ ਰੂਪ ਸ੍ਰਿਸ਼ਟੀ ਰਚੀ। ਸੋ ਜਿਸ ਬਲ ਦੀ ਪ੍ਰਾਪਤੀ ਲਈ ਤਪੱਸਿਆ ਕੀਤੀ ਪ੍ਰਮੇਸ਼ਰ ਦੇ ਪਾਸੋਂ ਬਲ ਪ੍ਰਾਪਤ ਕਰ ਲਿਆ। ਪਰ ਜਿਤਨਾ ਕੁ ਪ੍ਰਮਾਤਮਾ ਨੇ ਬਲ ਦਿੱਤਾ ਉਤਨਾ ਹੀ ਬਲ ਬ੍ਰਹਮਾਦਿਕਾਂ ਵਿਚ ਹੋਇਆ ਤੇ ਜਿਤਨੀ ਬੁੱਧ ਦਿੱਤੀ ਉਤਨੀ ਹੀ ਬੁਧ ਜੀਵਾਂ ਵਿਚ ਹੋਈ ਬ੍ਰਹਮਾ ਵਰਗੇ ਆਪਣੇ ਆਪ ਕੁਝ ਨਹੀਂ ਕਰ ਸਕਦੇ ਤਾਂ ਬਾਕੀ ਦੇ ਜੀਵ ਕੀ ਕਰ ਸਕਦੇ ਹਨ ਜਿਤਨਾ ਕੁ ਪ੍ਰਮੇਸ਼ਰ ਕਿਸੇ ਨੂੰ ਜਣਾ ਦੇਂਦਾ ਹੈ ਜੀਵ ਜਾਂ ਹੋਰ ਦੇਵਤੇ ਉਤਨਾ ਹੀ ਜਾਣ ਸਕਦੇ ਹਨ।

ਯਥਾ— **੧. ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥** [ਆਸਾ ਮਃ ੪. ਅੰਗ ੧੧]

**੨. ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥** [ਵਡਹੰਸ ਮਃ ੫, ਅੰਗ ੫੬੩]

**੩. ਬਾਤ ਚੀਤ ਸਭ ਰਹੀ ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥** [ਗਉੜੀ ਮਃ ੫. ਅੰਗ ੨੫੮]

## ਤੇਰਾ ਦੀਆ ਨਾਮੁ ਵਖਾਣੈ ॥੧॥

ਹੇ ਵਾਹਿਗੁਰੂ ਆਪ ਦੇ ਬਖਸ਼ੇ ਹੋਏ ਨਾਮ ਨੂੰ ਹੀ ਕੋਈ ਵਿਅਕਤੀ ਕਥਨ ਕਰ ਸਕਦਾ ਹੈ।

## ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ਰਹਾਉ॥

ਅਸਥਾਈ ਦੇ ਕੇ ਸਮਝਾਉਂਦੇ ਹਨ ਹੇ ਵਾਹਿਗੁਰੂ! ਤੂੰ ਆਪ ਅਚਰਜੁ=ਅਸਚਰਜ ਹੈਂ ਭਾਵ ਬਿਸਮਾਦ ਰੂਪ ਹੈਂ ਅਤੇ ਤੇਰੀ ਕੁਦਰਤਿ=ਸ਼ਕਤੀ ਵੀ ਬਿਸਮਾ=ਅਸਚਰਜ ਰੂਪ ਹੈ।

ਯਥਾ— **੧. ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**
**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥** [ਆਸਾ ਕੀ ਵਾਰ ਮਃ ੧, ਅੰਗ ੪੬੪]

**੨. ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥**
**ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥** [ਭੈਰਉ ਮਹਲਾ ੫, ਅੰਗ ੧੧੩੮]

## ਤੁਧੁ ਆਪੇ ਕਾਰਣੁ ਆਪੇ ਕਰਣਾ ॥

ਹੇ ਵਾਹਿਗੁਰੂ! ਤੂੰ ਕਾਰਣ ਰੂਪ ਵੀ ਆਪ ਹੈਂ ਤੇ ਕਾਰਜ ਰੂਪ ਵੀ ਆਪ ਹੀ ਹੈਂ। ਕਰਣੇ ਵਾਲਾ ਵੀ ਆਪ ਹੈਂ ਤੇ ਕਰਾਉਣ ਵਾਲਾ ਵੀ ਆਪ ਹੀ ਆਪ ਹੈਂ।

ਯਥਾ— **੧. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**
**ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥** [ਗਉੜੀ ਮਹਲਾ ੫, ਅੰਗ ੨੭੬]

**੨. ਕਰਨ ਕਰਾਵਨ ਤੁਹੀ ਏਕ ॥ ਜੀਅ ਜੰਤ ਕੀ ਤੁਹੀ ਟੇਕ ॥** [ਗਉੜੀ ਮਹਲਾ ੫, ਅੰਗ ੨੧੧]

PDF created with pdfFactory Pro trial version www.pdffactory.com

**੩. ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥** [ਗਉੜੀ ਮਹਲਾ ੫, ਅੰਗ ੨੯੪]

**੪. ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥**
[ਭੈਰਉ ਮਹਲਾ ੫, ਅੰਗ ੧੧੪੮]

## ਹੁਕਮੇ ਜੰਮਣੁ ਹੁਕਮੇ ਮਰਣਾ ॥੨॥

ਹੇ ਵਾਹਿਗੁਰੁ ! ਤੇਰੇ ਹੁਕਮ ਵਿਚ ਜੀਵਾਂ ਦਾ ਜੰਮਣੁ=ਪੈਦਾ ਹੋਣਾ ਹੁੰਦਾ ਹੈ ਤੇ ਤੇਰੇ ਹੁਕਮ ਵਿਚ ਹੀ ਜੀਵਾਂ ਦਾ ਮਰਣਾ=ਨਾਸ ਹੁੰਦਾ ਹੈ।

ਸ੍ਰਿਸ਼ਟੀ ਦੀ ਪੈਦਾਇਸ਼ ਸ੍ਰਿਸ਼ਟੀ ਦਾ ਅੰਤ ਇਹ ਸਭ ਕੁਝ ਵਾਹਿਗੁਰੂ ਦੇ ਹੁਕਮ ਵਿਚ ਹੈ, ਆਪਣੀ ਮਰਜ਼ੀ ਨਾਲ ਨਾ ਕੋਈ ਪੈਦਾ ਨਾ ਹੀ ਨਾਸ ਹੋ ਸਕਦਾ ਹੈ, ਇਹ ਸਭ ਕੁਝ ਉਸ ਵਾਹਿਗੁਰੂ ਦਾ ਹੁਕਮ ਹੈ, ਪਰ ਇਸ ਗੱਲ ਨੂੰ ਮਾਇਆ ਵਿਚ ਗ੍ਰਸਿਆ ਜੀਵ ਨਹੀਂ ਸਮਝ ਸਕਦਾ ਹੁਕਮ ਨੂੰ ਜਾਨਣ ਦੇ ਨਾਲ ਹੁਕਮੀ ਦੇ ਨੇੜੇ ਹੋਈਦਾ ਹੈ ਹੁਕਮ ਤੋਂ ਮੁਨਕਰ ਹੋ ਕੇ ਹੁਕਮੀ ਤੋਂ ਦੂਰ ਹੋ ਜਾਈਦਾ ਹੈ।

ਯਥਾ— **ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥** [ਜਪੁ ਜੀ ਸਾਹਿਬ, ਅੰਗ ੧]

ਹੁਕਮ ਮੰਨਣ ਵਾਲੇ ਵਿਚ ਹਉਮੈ ਕਦਾਚਿਤ ਨਹੀਂ ਹੁੰਦੀ। ਹਉਮੈ ਦੇ ਨਾਸ ਕਰਨ ਦਾ ਤਰੀਕਾ ਹੀ ਗੁਰਮਤਿ ਵਿਚ ਹੁਕਮ ਦਾ ਮੰਨਣਾ ਹੈ। ਜਦੋਂ ਸਭ ਕੁਝ ਪ੍ਰਮਾਤਮਾ ਦੇ ਹੁਕਮ ਵਿਚ ਹੁੰਦਾ ਜਾਣ ਲਿਆ ਤਾਂ ਫਿਰ ਇਸ ਤਰ੍ਹਾਂ ਕਹੇਗਾ।

ਯਥਾ— **੧. ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥** [ਵਾਰ ਆਸਾ ਮਃ ੧, ਅੰਗ ੪੭੨]

**੨. ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥**
[ਮਾਰੂ ਕਬੀਰ ਜੀ, ਅੰਗ ੧੧੦੩]

**੩. ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥**
**ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥**
**ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥** [ਗਉੜੀ ਮਃ ੫, ਅੰਗ ੨੮੧]

## ਨਾਮੁ ਤੇਰਾ ਮਨ ਤਨ ਆਧਾਰੀ ॥

ਹੇ ਮੇਰੇ ਵਾਹਿਗੁਰੂ ਤੇਰਾ ਨਾਮ ਹੀ ਮੇਰੇ ਤਨ ਅਤੇ ਮਨ ਦਾ ਆਧਾਰੀ=ਆਸਰਾ ਰੂਪ ਹੈ ਜੇ ਤੇਰੇ ਨਾਮ ਨੂੰ ਆਖਦਾ ਰਹਾਂ ਤਾਂ ਜੀਵਨ ਹੈ ਜੇ ਵਿਸਰ ਜਾਏ ਤਾਂ ਮਰਣਾ ਹੁੰਦਾ ਹੈ।

ਯਥਾ— **੧. ਆਖਾ ਜੀਵਾ ਵਿਸਰੈ ਮਰਿ ਜਾਉ ॥** [ਆਸਾ ਮਹਲਾ ੧, ਅੰਗ ੯]

**੨. ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥** [ਗਉੜੀ ਕਬੀਰ ਜੀ, ਅੰਗ ੩੩੮]

**੩. ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥** [ਗਉੜੀ ਕਬੀਰ ਜੀ, ਅੰਗ ੩੩੮]

**੪. ਸਾਚਾ ਨਾਮੁ ਮੇਰਾ ਆਧਾਰੋ ॥**
**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**
[ਰਾਮਕਲੀ ਮਹਲਾ ੩, ਅੰਗ ੯੧੭]

**੫. ਸਾਧੂ ਸੰਗਤਿ ਇਹੁ ਫਲੁ ਪਾਇਆ ਇਕੁ ਕੇਵਲ ਨਾਮੁ ਅਧਾਰੀ ॥**
[ਰਾਮਕਲੀ ਮਹਲਾ ੫, ਅੰਗ ੯੧੬]

PDF created with pdfFactory Pro trial version www.pdffactory.com

## ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥

ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਕਿ ਮੈਂ ਦਾਸ ਨੂੰ ਕੇਵਲ ਆਪ ਜੀ ਦੀ ਹੀ ਬਖਸੀਸ=ਬਖਸ਼ਿਸ਼ ਹੈ। ਬਖਸ਼ਿਸ਼ ਵਿਚ ਇਤਨੀ ਬਰਕਤ ਹੈ ਕਿ ਜਿਥੇ ਆਪਣੀ ਕੋਈ ਘਾਲ ਕੋਈ ਜੁਗਤੀ ਕੰਮ ਨਾ ਕਰੇ ਉਥੇ ਬਖਸ਼ੀਸ਼ ਕੰਮ ਕਰ ਜਾਂਦੀ ਹੈ ਇਸੇ ਲਈ ਗੁਰੂ ਘਰ ਵਿਚੋਂ ਜਿਥੇ ਉਦਾਸੀਆਂ ਦੇ ਚਾਰ ਧੂਣੇ ਹਨ ਉਥੇ ਛੇ ਬਖਸ਼ੀਸ਼ਾਂ ਭੀ ਨਾਲ ਹਨ। ਆਪਣੇ ਕਈ ਜਨਮ ਦੀ ਘਾਲਣਾ ਦੇ ਮੁਕਾਬਲੇ ਬਖਸ਼ਿਸ਼ ਦੀ ਇਕ ਨਜ਼ਰ ਹੀ ਕਾਫੀ ਹੈ।

ਯਥਾ— **੧. ਪਲ ਵਿਚ ਕਰਕੇ ਨਦਰ ਮਿਹਰ ਦੀ ਬਖਸ਼ੇ ਖੁਸ਼ੀ ਖਜ਼ਾਨੇ ॥**
**ਸ਼ਾਹਾਂ ਦੇ ਸਿਰ ਸ਼ਾਹ ਵਡੇਰੇ ਜੋ ਉਸ ਦੇ ਮਸਤਾਨੇ ॥**
[ਪੰਜਾਬੀ ਅਨੁਵਾਦ ਰਚਨਾ ਭਾ: ਨੰਦ ਲਾਲ]

**੨. ਨਾਨਕ ਨਦਰੀ ਨਦਰਿ ਨਿਹਾਲ ॥** [ਜਪੁ ਜੀ ਸਾਹਿਬ, ਅੰਗ ੮]

ਜੇ ਬਖਸ਼ਿਸ਼ ਦੀ ਨਦਰ ਸਤਿਗੁਰਾਂ ਨੇ ਕੌੜੇ ਰੀਠੇ ਵੱਲ ਕੀਤੀ ਤਾਂ ਅੱਜ ਤੱਕ ਗੁਰੂ ਨਾਨਕ ਦੀ ਬਖਸ਼ੀਸ਼ ਦੀ ਸਾਖ ਰੀਠਾ ਭਰ ਰਿਹਾ ਹੈ। ਜਹਿਰ ਵਰਗਾ ਕੌੜਾ ਫਲ, ਅੰਮ੍ਰਿਤ ਰਸ ਨਾਲ ਭਰਪੂਰ ਹੋਣਾ ਗੁਰੂ ਦੀ ਇਕ ਦ੍ਰਿਸ਼ਟੀ ਦਾ ਫਲ ਹੈ ਜੇ ਕੌਡੇ ਰਾਖਸ਼ ਦੇ ਤਪਦੇ ਕੜਾਹੇ ਵੱਲ ਤੱਕਿਆ ਤਾਂ ਅੱਗ ਦਾ ਤਪਾਇਆ ਹੋਇਆ ਤੇਲ ਜੋ ਅੱਗ ਨਾਲੋਂ ਵੀ ਖ਼ਤਰਨਾਕ ਹੋ ਚੁੱਕਾ ਸੀ ਸਤਿਗੁਰਾਂ ਦੀ ਇਕ ਤੱਕਣੀ ਨੇ ਬਰਫ ਵਰਗਾ ਠੰਡਾ ਕਰ ਦਿੱਤਾ ਅਤੇ ਕੌਡੇ ਰਾਖਸ਼ ਨੂੰ ਆਪਣੀ ਬਸਸ਼ਿਸ਼ ਦੁਆਰਾ ਸੰਤ ਬਣਾ ਦਿੱਤਾ। ਭੂਮੀਏ ਨੂੰ ਚੋਰੀ ਦਾ ਖੋਟਾ ਕਰਮ ਛੁਡਾ ਕੇ ਆਪਣੀ ਬਖਸ਼ਿਸ਼ ਨਾਲ ਸੱਚਾ ਸਾਧ ਬਣਾ ਦਿੱਤਾ, ਠੱਗੀਆਂ ਮਾਰਨ ਵਾਲੇ ਠੱਗ ਨੂੰ ਸੱਚਾ ਮਿੱਤਰ ਤੇ ਲੋਕਾਂ ਦਾ ਸੱਜਣ ਬਣਾ ਦਿੱਤਾ। ਇਹਨਾਂ ਵਿਚ ਕਿਸੇ ਦੀ ਆਪਣੀ ਘਾਲਣਾ ਨਹੀਂ ਕੇਵਲ ਗੁਰੂ ਦੀ ਬਖਸ਼ੀਸ਼ ਹੈ। ਇਸ ਲਈ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ ਹੈ ਕਿ ਮੈਨੂੰ ਗੁਰੂ ਦੀ ਹੀ ਬਖਸ਼ਿਸ਼ ਹੈ। ਸ਼ਬਦ ਦੀ ਸਮਾਪਤੀ ਵੇਲੇ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣਕੇ ਬਖਸ਼ੀਸ਼ ਲਈ ਜਾਚਨਾ ਕੀਤੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੩੦ [ਆਦਿ ਅੰਗ ੫੬੫]

***ਵਡਹੰਸੁ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ਨਾਤਾ ਸੋ ਪਰਵਾਣੁ ਸਚੁ ਕਮਾਈਐ ॥ ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥ ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥ ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥ ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥ ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥ ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥***

## ਵਡਹੰਸ ਮਹਲਾ ੧ ਛੰਤ

**੧ੴ ਸਤਿਗੁਰ ਪ੍ਰਸਾਦਿ**: **੧**=ਅਦੁੱਤੀ। **ੴ**=ਪ੍ਰਕਾਸ਼ ਰੂਪ। **ਸਤਿ**=ਨਾਸ ਤੋਂ ਰਹਿਤ। ਗੁਰ=ਚੇਤਨ। **ਪ੍ਰਸਾਦਿ**=ਅਨੰਤ ਸਰੂਪ।

ਇਹ ਅੰਮ੍ਰਿਤ ਭਰਪੂਰ ਸਿਖਿਆ ਰੂਪ ਬਚਨ, ਤੀਰਥਾਂ ਤੇ ਭ੍ਰਮਣ ਕਰਨ ਵਾਲੇ ਅਤੇ ਤੀਰਥਾਂ ਵਿਚ ਇਸ਼ਨਾਨ ਕਰਨ ਦੇ ਵਿਸ਼ਵਾਸ਼ੀ ਸਾਧੂਆਂ ਪ੍ਰਤੀ ਨਨਕਾਣਾ ਸਾਹਿਬ ਰਹਿੰਦਿਆਂ ਉਚਾਰਨ ਕੀਤੇ। ਹਜ਼ੂਰ ਗੁਰੂ ਨਾਨਕ ਸਾਹਿਬ ਜੀ ਨੂੰ ਇਕ ਦਿਨ ਕੁਝ ਸਾਧੂ ਇਕੱਠੇ ਹੋ ਕੇ ਤੀਰਥ ਯਾਤਰਾ ਲਈ ਪ੍ਰੇਰਨਾ ਕਰਨ ਲੱਗੇ, ਤਾਂ ਹਜ਼ੂਰ ਨੇ ਦਿਖਾਵੇ ਮਾਤਰ ਇਸ਼ਨਾਨ ਦਾ ਖੰਡਨ ਕੀਤਾ ਅਤੇ ਨਾਲ ਗੁਰਮਤਿ ਦਾ ਤਤ ਸਿਧਾਂਤ ਪ੍ਰਗਟ ਕੀਤਾ ਅਤੇ ਦੱਸਿਆ ਕਿ ਹੇ ਸੰਤ ਜਨੋ!

## ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥
## ਨਾਤਾ ਸੋ ਪਰਵਾਣੁ ਸਚੁ ਕਮਾਈਐ ॥

ਜਦੋਂ ਕਿਸੇ ਪੁਰਸ਼ ਦੀ ਕਾਇਆ=ਬੁਧੀ ਨੂੰ ਕੂੜਿ=ਝੂਠ ਨੇ ਵਿਗਾੜਿ ਦਿੱਤਾ ਤਾਂ ਫਿਰ ਉਸ ਦਾ ਨਹਾਉਣਾ ਕਿਸ ਅਰਥ ਹੈ ਕਾਹੇ=ਕਿਸ ਲਈ ਐਸਾ ਨਾਈਐ=ਇਸ਼ਨਾਨ ਕਰੀਏ। ਇਸ਼ਨਾਨ ਕੀਤਾ ਉਸਦਾ ਹੀ ਸਫਲ ਹੈ ਜਿਸਨੇ ਸਚ ਨਾਮ ਦੀ ਕਮਾਈ ਕੀਤੀ ਹੈ ਵਾ ਹੱਥਾਂ ਪੈਰਾਂ ਦੁਆਰਾ ਵੀ ਸੁੱਚੀ ਕਿਰਤ ਕੀਤੀ ਹੈ।

[**ਨੋਟ : ਨਾਈਐ**=ਇਸ ਦਾ ਉਚਾਰਨ ਨ੍ਹਾਈਐ ਭਾਰਾ ਕਰੋ] ਹਮੇਸ਼ਾਂ ਅੰਦਰ ਬਾਹਰ ਸਚ ਨਾਲ ਜੁੜ ਕੇ ਸਤ ਕਰਮ ਦੀ ਕਮਾਈ ਕੀਤੀ ਹੈ।

PDF created with pdfFactory Pro trial version www.pdffactory.com

ਯਥਾ— **੧. ਅੰਤਰੁ ਮੈਲਾ ਬਾਹਰੁ ਨਿਤ ਧੋਵੈ॥ ਸਾਚੀ ਦਰਗਹਿ ਅਪਨੀ ਪਤਿ ਖੋਵੈ॥**
[ਭੈਰਉ ਮਹਲਾ ੫, ਅੰਗ ੧੧੫੧]

**੨. ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥** [ਆਸਾ ਕਬੀਰ ਜੀ, ਅੰਗ ੪੮੪]

**੩. ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥**
[ਰਾਮਕਲੀ ਮਹਲਾ ੧, ਅੰਗ ੯੦੫]

ਇਹਨਾਂ ਪਰਮਾਣਾਂ ਤੋਂ ਸਿਧ ਹੈ ਕਿ ਦਿਖਾਵੇ ਮਾਤਰ ਇਸ਼ਨਾਨ ਗੁਰੂ ਘਰ ਵਿਚ ਪਰਮਾਣਨੀਕ ਨਹੀਂ ਸਗੋ ਸੱਚਾ ਤੀਰਥ ਗੁਰੂ ਦੀ ਨਿਸਕਾਮ ਸੇਵਾ ਨਾਮ ਅਭਿਆਸ ਨੂੰ ਹੀ ਫੁਰਮਾਇਆ ਹੈ।

ਯਥਾ— **੧. ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥** [ਧਨਾਸਰੀ ਮਹਲਾ ੧, ਅੰਗ ੬੮੭]

**੨. ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥**
[ਆਸਾ ਕਬੀਰ ਜੀ, ਅੰਗ ੪੮੪]

**੩. ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥**
**ਮਨਿ ਹਰਿ ਕੇ ਨਾਮ ਕੀ ਮਹਿਮਾ ਊਚ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥**
[ਗਉੜੀ ਮ: ੫, ਅੰਗ ੨੬੫]

**੪. ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥**
[ਵਡਹੰਸ ਮਹਲਾ ੩, ਅੰਗ ੫੫੮]

ਬਲਕਿ ਜਿਤਨੀ ਦੇਰ ਤੱਕ ਅੰਦਰ ਸੱਚ ਨਾ ਆ ਜਾਵੇ ਉਤਨੀ ਦੇਰ ਤੱਕ ਅੰਤਸ਼ਕਰਣ ਸੁਚ ਨੂੰ ਪ੍ਰਾਪਤ ਨਹੀਂ ਹੁੰਦਾ। ਜੇ ਅੰਤਸ਼ਕਰਣ ਝੂਠਾ ਹੈ ਤਾਂ ਸਾਰਾ ਸਰੀਰ ਹੀ ਝੂਠਾ ਹੈ ਇਸ ਲਈ ਬਾਹਰੀ ਇਸ਼ਨਾਨ ਦਾ ਖੰਡਨ ਤੇ ਅੰਤਰੀਵ ਇਸ਼ਨਾਨ ਦਾ ਮੰਡਨ ਕੀਤਾ ਗਿਆ ਹੈ।

## *ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ॥*

ਜਦੋਂ ਸੱਚ ਨਾਮ ਦੇ ਚਿੰਤਨ ਕਰਕੇ ਅੰਤਸ਼ਕਰਣ ਸੱਚਾ ਹੋ ਜਾਵੇ ਤਾਮਿ=ਤਦ ਹੀ ਸੱਚਾ ਵਾਹਿਗੁਰੂ ਪਾਈਦਾ ਹੈ।

## *ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥*

ਅੰਤਸ਼ਕਰਣ ਵਿਚ ਗੁਰ ਸ਼ਬਦ ਦੀ ਸਿਖਿਆ ਲਿਖੇ ਤੋਂ ਬਿਨਾਂ ਸੁਰਤਿ=ਗਿਆਤ ਨਹੀਂ ਹੁੰਦੀ, ਅਥਵਾ-ਪੂਰਬਲੇ ਸ਼ੁਭ ਕਰਮਾਂ ਦੇ ਲਿਖੇ ਤੋਂ ਬਿਨਾਂ ਸੁਰਤਿ=ਗਿਆਤ ਨਹੀਂ ਹੁੰਦੀ। ਸ਼ੁਭ ਗਿਆਤ ਤੋਂ ਬਿਨਾਂ ਬੋਲਿ=ਬਚਨਾਂ ਨੂੰ ਬੋਲ ਕੇ ਗਵਾ ਲਈਦਾ ਹੈ ਵਾ ਐਵੇਂ ਮਿਥਿਆ ਬੋਲ-ਬੋਲ ਕੇ ਉਮਰ ਗਵਾ ਲਈਦੀ ਹੈ। ਅਥਵਾ :—

**ਲਿਖੇ ਬਾਝਹੁ ਸੁਰਤਿ ਨਾਹੀ**—ਚਿੱਤ ਨੂੰ ਲਿਖਾਰੀ ਬਣਾ ਕੇ ਪ੍ਰੀਤ ਰੂਪ ਕਲਮ ਦੁਆਰਾ ਮੱਤੀ ਰੂਪ ਕਾਗਜ਼ ਉਪਰ ਗੁਰ ਉਪਦੇਸ਼ ਲਿਖੇ ਬਿਨਾਂ ਵਾ ਨਾਮ ਲਿਖੇ ਬਿਨਾਂ ਪ੍ਰਮੇਸ਼ਰ ਦੀ ਸੁਰਤਿ=ਗਿਆਤ ਵਾ ਸੁ=ਸ੍ਰੇਸ਼ਟ ਰਤਿ=ਪ੍ਰੀਤੀ :— ਸ੍ਰੇਸ਼ਟ ਪੈਦਾ ਨਹੀਂ ਹੋ ਸਕਦੀ। ਪੂਰਬਲਾ ਲੇਖ ਲਿਖੇ ਤੋਂ ਬਿਨਾਂ ਐਵੇਂ ਬੋਲਾਂ ਨੂੰ ਬੋਲ ਕੇ ਕਿ ਸਾਨੂੰ ਪ੍ਰਮਾਤਮਾਂ ਨੇ ਕੀ ਦਿੱਤਾ ਹੈ ਪ੍ਰਮਾਤਮਾਂ ਵਲੋਂ ਆਪਣੇ ਆਪ ਨੂੰ ਗਵਾ ਲਈਦਾ ਹੈ।

## *ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥*

ਜਿਥੇ ਵੀ ਜਾ ਕੇ ਬੈਠੀਏ ਮੁਖੋਂ ਭਲਾ=ਚੰਗਾ ਬਚਨ ਹੀ ਕਹੀਏ=ਬੋਲੀਏ, ਅਥਵਾ-ਪ੍ਰਮਾਤਮਾ ਦਾ ਕੋਈ ਭਲਾ=ਚੰਗਾ ਉਪਕਾਰ ਹੀ ਕਹੀਏ ਅਤੇ ਗੁਰ ਸ਼ਬਦ ਦੀ ਸੁਰਤਿ=ਗਿਆਤ ਲਿਖਾਈਏ ਜਾਂ ਲਿਖੀਏ ਵਾ ਲਿਖਣ ਵਿਚ ਆਈਏ।

PDF created with pdfFactory Pro trial version www.pdffactory.com

**ਭਲਾ ਕਹੀਐ**=ਚੰਗਾ ਉਪਦੇਸ਼ ਹੀ ਕਹੀਏ। ਸੁਰਤਿ ਸਬਦੁ ਲਿਖਾਈਐ=ਸ਼ਬਦ ਦੀ ਕਮਾਈ ਦੁਆਰਾ ਜਿਸ ਨੂੰ ਇਹ ਸੁਰਤਿ=ਗਿਆਤ ਲਿਖਾਈ ਭਾਵ ਜਣਾਈ ਹੈ ਉਹ ਜਾਣਦੇ ਹਨ ਕਿ ਜਿਥੇ ਜਾਈਏ ਭਲਾ ਕਹੀਏ ਵਾ ਜੋ ਭਲਾ ਕਹਿੰਦਾ ਹੈ ਅਤੇ ਉਹ ਜਿਥੇ ਬੈਠਦਾ ਉਸ ਦੇ ਤਾਈਂ ਸਬਦੁ=ਬ੍ਰਹਮ ਦੀ ਸੁਰਤਿ=ਗਿਆਤ ਗੁਰੂ ਜੀ ਲਿਖਾ ਦਿੰਦੇ ਹਨ, ਵਾ ਉਸ ਦੀ ਸੁਰਤ ਅੰਦਰ ਸ਼ਬਦ ਨੂੰ ਲਿਖਾ ਕੇ-ਉਕਰ ਕੇ ਗੁਰੂ ਜੀ ਉਸਨੂੰ ਸੁਰਤਿ=ਬ੍ਰਹਮ ਗਿਆਨ ਕਰਾ ਦਿੰਦੇ ਹਨ।

## ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥

ਜਦ ਕਿ ਕਾਇਆ=ਬੁਧੀ ਨੂੰ ਕੂੜਿ=ਝੂਠ ਨੇ ਵਿਗਾੜਿ=ਖਰਾਬ ਕਰ ਦਿੱਤਾ ਹੈ ਤਾਂ ਨ੍ਹਾਤਿਆਂ ਕਾਹੇ=ਕੀ ਹੋਣਾ ਹੈ ਭਾਵ ਕੁਝ ਫਲ ਪ੍ਰਾਪਤ ਨਹੀਂ ਹੋਣਾ।

## ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥

ਹੇ ਵਾਹਿਗੁਰੂ ! ਜਦੋਂ ਆਪ ਜੀ ਨੇ ਦਾਸ ਨੂੰ ਪ੍ਰੇਰ ਕੇ ਕਹਾਇਆ ਤਾਂ ਹੀ ਮੈਂ ਇਹ ਕਹਣੁ=ਬਚਨ ਕਿਹਾ ਹੈ।

## ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥

ਹੇ ਹਰਿ=ਵਾਹਿਗੁਰੂ ! ਮੇਰੇ ਮਨ ਵਿਚ ਤਾਂ ਇਕ ਆਪ ਜੀ ਦਾ ਨਾਮ ਅੰਮ੍ਰਿਤ ਹੀ ਭਾਇਆ=ਚੰਗਾ ਲੱਗਾ ਹੈ।

## ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥

ਹੇ ਵਾਹਿਗੁਰੂ ! ਤੁਹਾਡਾ ਨਾਮ ਜੋ ਅੰਮ੍ਰਿਤ ਦੇ ਸਮਾਨ ਮਨ ਵਿਚ ਮਿੱਠਾ ਲੱਗਾ ਹੈ ਉਸ ਨਾਮ ਦੇ ਪ੍ਰਤਾਪ ਕਰਕੇ ਦੁਖਾਂ ਦਾ ਡੇਰਾ=ਅਸਥਾਨ ਜੋ ਆਗਿਆਨ ਹੈ ਉਸਨੂੰ ਢਾਹ ਦਿੱਤਾ ਹੈ।

## ਸੁਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥

ਜਾਮਿ=ਜਦ ਤੋਂ ਤੁਸਾਂ ਨੇ ਹੁਕਮ ਕੀਤਾ ਤਦ ਤੋਂ ਮੇਰੇ ਮਨ ਵਿਚ ਆ ਕੇ ਸੁਖ ਵਸਿਆ ਹੈ।

## ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥

ਮੇਰੀ ਤਾਂ ਆਪ ਜੀ ਅੱਗੇ ਅਰਦਾਸ ਬੇਨਤੀ ਹੈ ਕਿ ਨਦਰਿ=ਕਿਰਪਾ ਦ੍ਰਿਸ਼ਟੀ ਤਾਂ ਆਪ ਨੇ ਹੀ ਕਰਨੀ ਹੈ, ਜਿਸ ਆਪ ਨੇ ਸੰਸਾਰ ਨੂੰ ਉਪਾਇਆ=ਪੈਦਾ ਕੀਤਾ ਵਾ ਬਣਵਾਇਆ ਵਾ ਰਚਿਆ ਹੈ।

## ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥

ਜੇ ਆਪ ਜੀ ਨੇ ਪ੍ਰੇਰ ਕੇ ਕਹਾਇਆ ਹੈ ਤਾਂ ਮੈਂ ਇਹ ਕਹਣੁ=ਬਚਨ ਵਾ ਉਲਾਂਭਾ ਕਿਹਾ ਹੈ।

## ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥

ਜਦੋਂ ਵਾਹਿਗੁਰੂ ਮਨੁੱਖਾ ਜਨਮ ਰੂਪ ਵਾਰੀ ਕੱਢੇ ਤਾਂ ਸ਼ੁਭ ਕਰਮ ਕਮਾਵਣਾ=ਕਰਨਾ ਚਾਹੀਦਾ ਹੈ ਵਾ ਜੋ ਕਿਰਤੁ=ਕੰਮ ਕਮਾਇ ਹਨ ਉਹਨਾਂ ਅਨੁਸਾਰ ੮੪ ਲੱਖ ਜੂਨ ਬਾਅਦ ਪ੍ਰਮੇਸ਼ਰ ਨੇ ਮਨੁੱਖਾ ਜਨਮ ਦੀ ਵਾਰੀ ਕੱਢਣਾ ਕੀਤੀ ਹੈ, ਵਾ ਕਢਾਉਣਾ ਕੀਤੀ ਹੈ ਇਸ ਵਿਚ ਕਿਰਤੁ=ਕੀਰਤ=ਕੀਰਤਨ ਭਗਤੀ ਨੂੰ ਕਮਾਉਣਾ ਚਾਹੀਦਾ ਹੈ।

PDF created with pdfFactory Pro trial version www.pdffactory.com

## ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥

ਕਿਸੇ ਨੂੰ ਮੰਦਾ=ਬੁਰਾ ਆਖ ਕੇ ਗਲ ਝਗੜਾ ਪਾਉਣਾ ਹੈ ਇਸ ਲਈ ਕਿਸੇ ਨੂੰ ਮੰਦਾ ਕਹਿਣਾ ਨਹੀਂ ਚਾਹੀਦਾ ਮੰਦਾ ਕਹਿਣ ਨਾਲ ਝਗੜਾ ਹੀ ਗਲ ਪਾਉਣਾ ਹੈ।

## ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥

ਆਪਿ=ਆਪਣੇ ਅੰਦਰੋਂ ਆਪੁ=ਹੰਕਾਰ ਨੂੰ ਵਞਾਵਣਾ=ਗੁਆਉਣਾ ਕਰ, ਆਪਣੇ ਸੁਆਮਿ=ਸੁਆਮੀ; ਮਾਲਕ ਨਾਲ ਝਗੜਾ=ਕਲੇਸ਼ ਵਾ ਤਰਕ ਕਦਾਚਿਤ ਨਹੀਂ ਕਰਨੀ ਚਾਹੀਦੀ।

## ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੁਆਵਣਾ ॥

ਜਿਨ੍ਹਾਂ ਸੰਤਾਂ ਵਾ ਸ਼ਾਂਤ ਆਤਮਾ ਗੁਰਾਂ ਦੀ ਸੰਗਤ ਨਾਲ ਹਮੇਸ਼ਾਂ ਰਹਿਣਾ ਹੈ ਉਹਨਾਂ ਨਾਲ ਸਰੀਕੀ=ਬਰਾਬਰਤਾ ਕਰਨੀ ਠੀਕ ਨਹੀਂ ਉਹਨਾਂ ਦਾ ਜਾਇ ਕਿਆ=ਕੀ ਜਾਏਗਾ ਤਾਂ ਫਿਰ ਆਪ ਹੀ ਰੁਆਵਣਾ=ਰੋਣਾ ਪਵੇਗਾ।

ਯਥਾ— **੧. ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥** [ਵਾਰ ਆਸਾ ਮਹਲਾ ੨, ਅੰਗ ੪੭੪]

**੨. ਸਕਤੇ ਨਾਲ ਸਰੀਕਤ ਕੈਸੀ ਨਿਵਕੇ ਵਖਤ ਲੰਘਾਈਦਾ ॥** [ਲੌਕਿਕ ਪ੍ਰਮਾਣ]

## ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥

ਵਾਹਿਗੁਰੂ ਜੋ ਦੁੱਖ ਸੁੱਖ ਦੇਵੇ ਉਸਨੂੰ ਸਹਾਰਨਾ ਕਰੇ ਕਹਿਣ ਵਲੋਂ ਹਟ ਕੇ, ਕੁਝ ਵੀ ਕੁਤਰਕ ਨਹੀਂ ਕਰਨੀ ਕਿ ਮੈਨੂੰ ਦੁੱਖ ਕਿਉਂ ਦਿੱਤਾ ਹੈ ਤੇ ਇਹ ਘਾਟਾ ਕਿਉਂ ਪਿਆ ਹੈ, ਇਸ ਤਰ੍ਹਾਂ ਦੇ ਸ਼ਬਦ ਕਹਿ ਕੇ ਪ੍ਰਮਾਤਮਾਂ ਵਲੋਂ ਆਪਣਾ ਵਿਸ਼ਵਾਸ਼ ਵਾਵਣਾ=ਗੁਆਉਣਾ ਨਾ ਕਰੇ, ਵਾ

**ਆਖਿ ਨਾਹੀ ਵਾਵਣਾ** ਕੁਝ ਆਖ ਕੇ ਆਪਣਾ ਆਪ ਨਾ ਵਾਵਣਾ=ਗੁਆਉਣਾ ਕਿਉਂਕਿ ਤੇਰੇ ਕਹਿਣ ਨਾਲ ਕੋਈ ਫਰਕ ਨਹੀਂ ਪੈਣਾ ਵਾ ਆਪਣੇ ਆਪ ਨੂੰ ਕਹਿਣ ਵਲੋਂ ਵਾਵਣਾ=ਵਰਜਣਾ ਕਰ।

## ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥

ਖਸਮੁ=ਮਾਲਕ ਦੇ ਨਾਮ ਉਚਾਰਨ ਕਰਨੇ ਦੀ ਮਨੁੱਖਾ ਸਰੀਰ ਰੂਪ ਇਹ ਵਾਰੀ ਹੈ ਇਸ ਲਈ ਨਾਮ ਜਪਣੇ ਰੂਪ ਕਰਮ ਕਮਾਉਣਾ ਕਰ।

## ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥

ਸਭ=ਸਾਰੀ ਸ੍ਰਿਸ਼ਟੀ ਉਸ ਨੇ ਆਪ ਹੀ ਉਪਾਈਅਨੁ=ਉਤਪਤ-ਪੈਦਾ ਕੀਤੀ ਹੈ ਅਤੇ ਆਪ ਹੀ ਸਾਰਿਆਂ ਉਤੇ ਨਦਰਿ=ਕਿਰਪਾ ਦ੍ਰਿਸ਼ਟੀ ਕਰਦਾ ਹੈ।

## ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥

ਉਸ ਵਾਹਿਗੁਰੂ ਕੋਲੋਂ ਕਉੜਾ=ਦੁਖ ਕੋਈ ਨਹੀਂ ਮੰਗਦਾ ਸਭ ਕੋਈ ਮੀਠਾ=ਸੁੱਖ ਹੀ ਮੰਗਦਾ ਹੈ।

## ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥

ਸਭ ਕੋਈ ਮੀਠਾ=ਸੁਖ ਹੀ ਮੰਗਦਾ ਦਿਸਦਾ ਹੈ ਪਰ ਜੋ ਖਸਮ=ਮਾਲਕ ਨੂੰ ਭਾਉਂਦਾ ਹੈ ਉਹੀ ਕੁਝ ਕਰਦਾ ਹੈ।

PDF created with pdfFactory Pro trial version www.pdffactory.com

## ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥

ਅਨੇਕਾਂ ਪਰਉਪਕਾਰ ਵਾਲੀਆਂ ਜੋ ਕਰਨੀਆਂ ਹਨ, ਪੁੰਨ ਅਤੇ ਦਾਨ ਕਰਨੇ ਹਨ ਪਰ ਨਾਮ ਦੇ ਸਮਸਰੇ=ਸਦਰਸ਼ ਕੁਝ ਵੀ ਨਹੀਂ ਤੁਲਿ=ਵਿਚਾਰਨਾ ਕਰੋ।

## ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥

ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਧੁਰੋਂ ਹੀ ਕਦੋਂ ਦਾ ਉਹਨਾਂ ਦਾ ਪੂਰਬਲਾ ਸ੍ਰੇਸ਼ਟ ਕਰਮ ਕੀਤਾ ਹੋਇਆ ਹੈ ਜਿਸ ਕਰਕੇ ਉਹਨਾਂ ਨੂੰ ਨਾਮ ਮਿਲਿਆ ਹੈ ਉਹਨਾਂ ਤੇ ਪਰਮੇਸ਼ਰ ਚੰਗਾ ਕਰਮ ਦੇਖ ਕੇ ਕਰਮੁ=ਕ੍ਰਿਪਾਲੂ ਹੋਇਆ ਹੈ।

## ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥

ਸਭ=ਸਾਰੀ ਸ੍ਰਿਸ਼ਟੀ ਉਸਨੇ ਆਪ ਹੀ ਉਪਾਈਨੁ=ਉਤਪਤ-ਪੈਦਾ ਕੀਤੀ ਹੈ ਅਤੇ ਆਪ ਹੀ ਸਾਰਿਆਂ ਉਤੇ ਨਦਰਿ=ਕਿਰਪਾ ਦ੍ਰਿਸ਼ਟੀ ਕਰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com